**ਲੋਕ ਸੰਪਰਕ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ**
**www.chandigarh.gov.in**
**ਪ੍ਰੈਸ ਨੋਟ**

ਚੰਡੀਗੜ੍ਹ, ਦਸੰਬਰ 2:- ਚੰਡੀਗੜ੍ਹ ਦੇ ਸੈਕਟਰ 7 ਵਿਚ ਐਤਵਾਰ ਨੂੰ ਲੱਗਦੇ ਕਾਰ ਬਾਜ਼ਾਰ ਨੂੰ ਹੱਲੂਮਾਜਰਾ ਵਿਚ ਲਿਜਾਣ ਲਈ ਪੰਜ ਏਕੜ ਜ਼ਮੀਨ ਦੀ ਨਿਸ਼ਾਨਦੇਹੀ ਕੀਤੀ ਗਈ ਹੈ। ਇਸ ਦਾ ਨਿਰਣਾ ਅੱਜ ਯੂਟੀ ਵਿੱਤ ਸਕੱਤਰ ਸ਼੍ਰੀ ਸੰਜੇ ਕੁਮਾਰ ਦੀ ਪ੍ਰਧਾਨਗੀ ਵਿਚ ਕੀਤੀ ਗਈ ਮੀਟਿੰਗ ਵਿਚ ਲਿਆ ਗਿਆ। ਇਹ ਨਿਰਣਾ ਯੂਟੀ ਪ੍ਰਸ਼ਾਸਨ ਦੁਆਰਾ ਐਮ ਸੀ ਕੌਂਸਲਰਾਂ, ਚੰਡੀਗੜ੍ਹ ਕਾਰ ਡੀਲਰ ਐਸੋਸੀਏਸ਼ਨ ਦੇ ਪ੍ਰਤੀਨਿਧਾਂ ਅਤੇ ਨਗਰ ਨਿਗਮ ਦੇ ਅਫਸਰਾਂ ਨਾਲ ਗੰਭੀਰ ਗੱਲਬਾਤ ਕਰਨ ਤੋਂ ਬਾਦ ਲਿਆ ਗਿਆ ਹੈ।

ਵਿੱਤ ਸਕੱਤਰ ਨੇ ਸੂਚਿਤ ਕੀਤਾ ਕਿ ਸੈਕਟਰ 7 ਦੇ ਕਾਰ ਬਾਜ਼ਾਰ ਦੀ ਹੁਣ ਦੀ ਜਗ੍ਹਾ ਲੱਗਭੱਗ 3 ਏਕੜ ਹੈ ਅਤੇ ਭਵਿੱਖ ਵਿਚ ਇਸਦੀ ਮੰਗ ਵੱਧਦੀ ਹੋਈ ਦੇਖ ਕੇ ਜ਼ਮੀਨ ਦੇ ਵੱਡੇ ਟੁਕੜੇ ਦੀ ਨਿਸ਼ਾਨਦੇਹੀ ਕੀਤੀ ਗਈ ਹੈ। ਚੰਡੀਗੜ੍ਹ ਦੀ ਨਗਰ ਨਿਗਮ ਨੂੰ ਜਲਦੀ ਹੀ ਜ਼ਮੀਨ ਦੇ ਦਿੱਤੀ ਜਾਵੇਗੀ ਤਾਂ ਕਿ ਕਾਰ ਬਾਜ਼ਾਰ ਲਈ ਜਰੂਰੀ ਢਾਂਚਾ ਤਿਆਰ ਕੀਤਾ ਜਾਵੇ ਜਿਸ ਵਿਚ ਰਸਤੇ, ਬਾਥਰੂਮ ਆਦਿ ਸ਼ਾਮਿਲ ਕੀਤੇ ਜਾਣਗੇ। ਨਗਰ ਨਿਗਮ ਨੂੰ ਇਸ ਜਗ੍ਹਾ ਦਾ ਵਿਕਾਸ ਕਰਨ ਲਈ 3 ਮਹੀਨੇ ਦਾ ਸਮਾਂ ਦਿੱਤਾ ਹੈ।

ਕਈ ਹੋਰ ਥਾਵਾਂ ਵੀ ਕੌਂਸਲਰਾਂ ਅਤੇ ਕਾਰ ਡੀਲਰਾਂ ਦੀ ਐਸੋਸੀਏਸ਼ਨ ਨੂੰ ਦਿਖਾਈਆਂ ਗਈਆਂ ਪਰ ਹੱਲੂਮਾਜ਼ਰਾ ਵਿਚ ਚੁਣੀ ਗਈ ਜਗ੍ਹਾ ਕਾਰ ਬਾਜ਼ਾਰ ਨੂੰ ਸ਼ਿਫਟ ਕਰਨ ਲਈ ਸਭ ਤੋਂ ਉਚਿਤ ਅਤੇ ਯੋਗ ਹੈ।

ਆਪਣੀ ਅਸਲ ਜਗ੍ਹਾ ਮੱਧ ਮਾਰਗ ਤੋਂ ਕਾਰ ਬਾਜ਼ਾਰ ਸ਼ਿਫਟ ਕਰਨ ਦਾ ਨਿਰਣਾ 2 ਮਹੀਨੇ ਪਹਿਲਾਂ ਸੈਕਟਰ 7 ਦੇ ਵਪਾਰੀਆਂ ਅਤੇ ਨਿਵਾਸੀਆਂ ਜੋ ਕਿ ਕਾਰ ਬਾਜ਼ਾਰ ਕਾਰਨ ਹੋਣ ਵਾਲੀ ਅਸੁਵਿਧਾ ਦੇ ਬਾਰੇ ਵਿਚ ਸ਼ਿਕਾਇਤ ਕਰਦੇ ਸਨ ਦੀ ਮੰਗ ਕਾਰਨ ਲਿਆ ਗਿਆ ਸੀ।

ਜਦੋਂ ਤੱਕ ਹੱਲੂਮਾਜਰਾ ਵਿਚ ਨਿਸ਼ਾਨਦੇਹੀ ਕੀਤੀ ਜਗ੍ਹਾ ਤੇ ਕੰਮ ਚੱਲ ਰਿਹਾ ਹੈ ਉਦੋਂ ਤੱਕ ਕਾਰ ਬਾਜ਼ਾਰ ਆਪਣੀ ਅਸਲ ਜਗ੍ਹਾ ਸੈਕਟਰ 7 ਮੱਧ ਮਾਰਗ ਵਿਚ ਲਗਾਇਆ ਜਾਏਗਾ। ਇਸ ਜਗ੍ਹਾ ਦੇ ਤਿਆਰ ਹੋਣ ਤੋਂ ਬਾਦ ਬਾਕੀ ਦਿਨਾਂ ਵਿਚ ਕਾਰ ਬਾਜ਼ਾਰ ਦੀ ਵਰਤੋਂ ਟਰੱਕਾਂ, ਬੱਸਾਂ ਆਦਿ ਦੀ ਪਾਰਕਿੰਗ ਕਰਨ ਲਈ ਕੀਤੀ ਜਾਵੇਗੀ।

ਇਸ ਤੋਂ ਪਹਿਲਾਂ ਕਾਰ ਬਾਜ਼ਾਰ ਨੂੰ ਇੰਡਸਟਰੀਅਲ ਏਰੀਆ ਵਿਚ ਸ਼ਿਫਟ ਕੀਤਾ ਗਿਆ ਸੀ ਪਰ ਸਹੀ ਜਗ੍ਹਾ ਨਾ ਹੋਣ ਕਾਰਨ ਇਸ ਨੂੰ ਵਾਪਸ ਸੈਕਟਰ 7 ਮੱਧ ਮਾਰਗ ਵਿਚ ਸ਼ਿਫਟ ਕਰ ਦਿੱਤਾ ਸੀ।